ਸਵਿਟਜ਼ਰਲੈਂਡ੍ ਗੁਰੂਘਰ ਵਿਚ ਧੂਮਧਾਮ ਨਾਲ ਮਮਨਾਇਆ ਗਿਆ ਹੋਲਾ ਮੁਹਲਾ

ਲਾਗਨਥਾਂਲ: ਸਵਿਟਜ਼ਰਲੈਂਡ ਦੇ ਸ਼ਹਿਰ ਲਾਗਨਥਾਂਲ ਸਥਿਤ ਗੁਰਦੁਵਾਰਾ ਸਾਹਿਬ ਵਿਖੇ ਗੁਰੁ ਸਾਹਿਬ ਦੇ ਬਖਸ਼ੇ ਹੋਲਾ ਮੁਹਲਾ ਨੂੰ ਬੜੀ ਸ਼ਰਧਾ ਦੇ ਸਤਿਕਾਰ ਸਹਿਤ ਮਨਾਇਆ ਗਿਆ ।ਇਸ ਸ਼ੁਭ ਅਵਸਰ ਤੇ ਗੁਰੁ ਦੇ ਕੀਰਤਨੀਐ ਭਾਈ ਦਲਬੀਰ ਸਿੰਘ ਜੀ , ਭਾਈ ਦਰਸ਼ਨ  ਸਿੰਘ ਜੀ, ਭਾਈ ਦਇਆ ਸਿੰਘ ਜੀ ਦੇ ਜਥਾ ਵਿਸ਼ੇਸ਼ ਤੋਰ ਪਹੁੰਚੇ ਸਨ।

ਇਸ ਸ਼ੁਭ ਅਵਸਰ ਤੇ ਸਵਿਟਜ਼ਰਲੈਂਡ ਤੋਂ ਇਲਾਵਾ  ਯੁਰਪ ਦੇ ਕਈ ਦੇਸ਼ਾਂ ਤੋਂ ਸਿਖ ਸੰਗਤ ਵੀ ਗੁਰੁ ਸਾਹਿਬ ਦੇ ਸਨਮੁਖ ਨਮਸਤਕ ਹੋਈ ਅਤੇ ਇਸ ਦਿਹਾੜੇ ਵਿਚ ਕਈ ਗੋਰਿਆਂ ਨੇ ਵੀ ਭਾਈ ਸਾਹਿਬ ਵੇ ਵਲੋਂ ਕੀਤੇ ਰਸਭਿਨੇ ਕੀਰਤਨ ਦਾ ਅਨੰਦ ਮਾਣਿਆ। ਪ੍ਰੋਗਰਾਮ ਦੇ ਸ਼ੁਰੂ ਦੇ ਵਿਚ ਭਾਈ ਦਲਬੀਰ ਸਿੰਘ ਜੀ ਦੇ ਜਥੇ ਵਲੋਂ ਬਚਿਆਂ ਨੂੰ ਤਿਆਰ ਕਰਵਾਏ ਗਏ ਸ਼ਬਦ ਗਾਇਨ ਕੀਤੇ ਗਏ ।ਭਾਈ ਸਾਹਿਬ ਵਲੋਂ ਕੀਰਤਨ ਦੀ ਸ਼ਰੂਆਤ ਹੋਲੇ ਮੁਹਲੇ ਦੇ ਇਤਹਾਸ ਨੂੰ ਬਿਆਨ ਕਰਨ ਤੌਨ ਬਾਦ ਗੁਰੁ ਸਾਹਿਬ ਦੇ ਸ਼ਬਦ ਹੋਲੀ ਕੀਨੀ ਸੰਤ ਸੇਵ ,ਦੇ ਨਾਲ ਕੀਤੀ ਅਤੇ ਲਗਾਤਾਰ ਦੋ ਘੰਟੇ ਕੀਰਤਨ ਕੀਤਾ ਜਿਸ ਨੂੰ ਹਾਜ਼ਿਰ ਸੰਗਤਾਂ ਨੇ ਇਕਸੁਰਤਾ ਨਾਲ ਸਰਵਣ ਕੀਤਾ। ਭਾਈ ਕਰਨ ਸਿੰਘ ਹੋਰਾਂ ਨੇ ਜਿਥੇ ਭਾਈ ਸਾਹਿਬ ਦਾ ਧੰਨਵਾਦ ਕੀਤਾ ਉਥੇ ਹਾਜ਼ਿਰ ਸੰਗਤਾਂ ਨੂੰ ਹੋਲੇ ਮੁਹਲੇ ਦੀ ਵਧਾਈ ਦੈਦੇ ਹੋਏ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ ਬੜੀ ਧੂਮਧਾਮ ਨਾਲ ਮਨਾਉਣ ਦੇ ਬਾਰੇ ਦਸਿਆ।ਇਸ ਦਿਹਾੜੇ ਵੀ ਭਾਈ ਸਾਹਿਬ ਦਾ ਜਥਾ ਫੇਰ ਸੰਗਤਾ ਦੇ ਦਰਸ਼ਨ ਕਰਨ ਲਈ ਪਹੁੰਚਣਗੇ।